ਵਿਸਾ:- ਟੀ.ਐਮ.ਆਰ.ਵੈਗਨ ਲਈ ਸਬਸਿਡੀ ਦੇਣ ਦੀ ਰੂਪ ਰੇਖਾ।

---

ਸਾਲ 2014-15 ਦੇ ਰਾਸਟਰੀ ਕ੍ਰਿਸੀ ਵਿਕਾਸ ਯੋਜਨਾ ਅਧੀਨ ਉਲੀਕੇ ਗਏ ਮੁੱਖ ਪ੍ਰੋਗਰਾਮਾ ਵਿਚੋਂ ਇੱਕ ਪ੍ਰੋਗਰਾਮ ਕਿਮਸ ਰਾਸਨ ਨੂੰ ਉਤਸਾਹਿਤ ਕਰਨਾ ਹੈ।ਇਸ ਸਕੀਮ ਲਾਭਪਾਤਰੀ ਨੂੰ 50% ਸਬਸਿਡੀ ਵੱਧ ਤੋਂ ਵੱਧ 4.00 ਲੱਖ ਰੁਪਏ ਦੇਣ ਦੀ ਪ੍ਰਵਾਨਗੀ ਦਿੱਤੀ ਗਈ ਹੈ।ਆਰ.ਕੇ.ਵੀ.ਵਾਈ.ਸਕੀਮ ਅਧੀਨ ਉਲੀਕੇ ਗਏ ਡੇਅਰੀ ਫਾਰਮਿੰਗ ਦੇ ਮਸੀਨੀਕਰਨ ਪ੍ਰੋਗਰਾਮ ਨੂੰ ਉਤਸਾਹਿਤ ਕਰਨ ਲਈ ਟੀ.ਐਮ.ਆਰ. ਵੈਗਨ ਤੇ ਸਬਸਿਡੀ ਦੇਣ ਲਈ ਦਿਸਾ ਨਿਰਦੇਸ ਹੇਠ ਲਿਖੇ ਅਨੁਸਾਰ ਤਜਵੀਜ ਕੀਤੇ ਜਾਂਦੇ ਹਨ:

1. ਸਬਸਿਡੀ ਦੀ ਦਰ — 50% (ਬੈਕਐਡਿੰਗ)
2. ਸਬਸਿਡੀ ਦੀ ਅਧਿਕਤਮ ਰਾਸੀ — 4.00 ਲੱਖ ਰੁਪਏ ਪ੍ਰਤੀ ਲਾਭਪਾਤਰੀ ਹੋਵੇਗੀ
3. **ਲਾਭਪਾਤਰੀ ਦੀ ਯੋਗਤਾ**

- ਲਾਭਪਾਤਰੀ ਕੋਲ ਘੱਟ ਤੋਂ ਘੱਟ 20 ਦੁੱਧਾਰੂ ਪਸੂ ਹੋਣ ।
- ਉਸ ਨੇ ਡੇਅਰੀ ਵਿਕਾਸ ਵਿਭਾਗ ਤੋਂ ਸਵੈ-ਰੋਜਗਾਰ ਸਕੀਮ ਅਧੀਨ / ਪੰਜਾਬ ਡੇਅਰੀ ਵਿਕਾਸ ਬੋਰਡ/ਗਡਵਾਸੂ ਤੋਂ ਘੱਟ ਤੋਂ ਘੱਟ ਦੋ ਹਫਤੇ ਦੀ ਸਿਖਲਾਈ ਪ੍ਰਾਪਤ ਕੀਤੀ ਹੋਵੇ।
- ਲਾਭਪਾਤਰੀ ਨੇ ਟੀ.ਐਮ.ਆਰ. ਵੈਗਨ ਦੀ ਖਰੀਦ, ਬੈਂਕ ਤੋਂ ਘੱਟੋ-ਘੱਟ 40% ਕਰਜਾ ਲੈ ਕੇ ਕੀਤੀ ਹੋਵੇ (ਕਰਜਾ ਲੈਣ ਦੀ ਸੂਰਤ ਵਿੱਚ ਬੈਂਕ ਦਾ ਸੈਕਸਨ ਲੈਟਰ/ ਡਿਸਬਰਸਮੈਂਟ ਲੈਟਰ ਨੱਥੀ ਕੀਤਾ ਜਾਵੇਗਾ)
- ਲਾਭਪਾਤਰੀ ਕੋਲ ਟੀ.ਐਮ.ਆਰ.ਵੈਗਨ ਦੀ ਵਰਤੋਂ ਲਈ ਯੋਗ ਟਰੈਕਟਰ ਦਾ ਪ੍ਰਬੰਧ ਹੋਵੇ।
- ਲਾਭਪਾਤਰੀ ਵਲੋਂ ਸੈਡ/ ਖੁਰਲੀ ਦਾ ਨਿਰਮਾਣ ਟੀ.ਐਮ.ਆਰ. ਫੀਡਿਗ ਅਨੁਸਾਰ ਹੋਣਾ ਚਾਹੀਦਾ ਹੈ।
- ਲਾਭਪਾਤਰੀ ਨੇ ਵਿਭਾਗ ਵਲੋਂ ਨਿਰਧਾਰਿਤ ਮਾਪਦੰਡਾ ਅਨੁਸਾਰ ਟੀ.ਐਮ.ਆਰ.ਵੈਗਨ ਦੀ ਖਰੀਦ ਕੀਤੀ ਹੋਵੇ। ਜਿਸ ਵਿੱਚ ਨਿਰਧਾਰਤ ਕੀਤੀਆਂ ਕੰਪਨੀਆਂ ਤੋਂ ਹੀ ਖਰੀਦ ਕੀਤੀ ਜਾਵੇਗੀ।

ਕਾਰਜ ਵਿਧੀ:-

ਸਭ ਤੋਂ ਪਹਿਲਾਂ ਇਸ ਸਕੀਮ ਦੇ ਪ੍ਰਚਾਰ ਲਈ ਅਖਬਾਰਾਂ ਵਿੱਚ ਇਸਤਿਹਾਰ ਦਿੱਤਾ ਜਾਵੇਗਾ। ਰੇਡਿਓ ਅਤੇ ਟੈਲੀਵਿਜਿਨ ਰਾਹੀਂ ਜਨਤਕ ਸੂਚਨਾਂ ਜਾਰੀ ਕਰਵਾਈ ਜਾਵੇਗੀ। ਡੇਅਰੀ ਫਾਰਮਰਾਂ ਨੂੰ ਬਲੱਕ ਮੈਸੇਜਾਂ ਰਾਹੀਂ ਸੂਚਨਾਂ ਦਿੱਤੀ ਜਾਵੇਗੀ। ਅਖਬਾਰਾਂ ਰਾਹੀਂ ਜਾਰੀ ਇਸਤਿਹਾਰ ਵਿੱਚ ਯੋਗ ਲਾਭਪਾਤਰੀਆਂ ਤੋਂ ਬਿਨੈਪੱਤਰ ਮੰਗੇ ਜਾਣਗੇ, ਜਿਸ ਲਈ ਆਖਰੀ ਮਿਤੀ ਨੋਟਿਸ ਵਿੱਚ ਦਰਜ ਕੀਤੀ ਜਾਵੇਗੀ। ਇਹ ਬਿਨੈਪੱਤਰ ਸਬੰਧਤ ਜਿਲੇ ਦੇ ਡਿਪਟੀ ਡਾਇਰੈਕਟਰ ਡੇਅਰੀ ਵਲੋਂ ਵੈਰੀਫਾਈ ਕਰਕੇ ਭੇਜੇ ਜਾਣਗੇ। ਇਸ ਤਰ੍ਹਾਂ ਪ੍ਰਾਪਤ ਬਿਨੈਪੱਤਰ ਮੁੱਖ ਦਫਤਰ ਵਿੱਚ ਘੋਖੇ ਜਾਣਗੇ।